
ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਟਪ-ਟਪ-ਟਪਕ



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ
ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਟਪ-ਟਪ-ਟਪਕ

ਲੇਖਕ
ਅਮਰ ਗੋਸਵਾਮੀ

ਪੰਜਾਬੀ ਅਨੁਵਾਦ
ਐੱਸ. ਵਕੀਲ

ਚਿੱਤਰ
ਪਾਰਥੋ ਸੇਨਗੁਪਤਾ


ਚਿੱਤਰ ਸੰਪਾਦਕ
ਪਵਨਦੀਪ ਕੌਰ


ਇੱਕ ਜੰਗਲ ਸੀ। ਬਹੁਤ ਸੰਘਣਾ। ਇੱਕ ਦਿਨ ਛਮ-ਛਮ ਮੀਂਹ ਵਰ੍ਹਿਆ।



ਅਗਲੇ ਦਿਨ ਧੁੱਪ ਨਿਕਲੀ। ਸਾਰੇ ਜਾਨਵਰ ਬਾਹਰ ਨਿੱਕਲੇ ਤਾਂ ਅਵਾਜ਼ ਆਈ- ਟਪ-ਟਪ-ਟਪਕ।

ਸਾਰੇ ਘਬਰਾ ਗਏ।





ਸ਼ੇਰ ਨੇ ਸੋਚਿਆ।


ਹਿਰਨ ਨੇ ਸੋਚਿਆ।

ਹਾਥੀ ਨੇ ਸੋਚਿਆ।

ਬਾਂਦਰ ਨੇ ਸੋਚਿਆ।




ਇਹ ਕਿਹੋ ਜਿਹੀ ਅਵਾਜ਼ ਹੈ?



ਬਾਂਦਰ ਡਰ ਗਿਆ। ਉਹ ਦਰੱਖ਼ਤ ਉੱਤੇ ਚੜ੍ਹ ਗਿਆ।


ਹਿਰਨ ਕੰਬਣ ਲੱਗਿਆ। ਉਹ ਭੱਜ ਗਿਆ।





ਚੀਤਾ ਵੀ ਨਹੀਂ ਰੁਕਿਆ। ਸ਼ੇਰ ਨੇ ਕਿਹਾ, “ਮੈਂ ਨਹੀਂ ਡਰਦਾ।”

ਪਰ ਉਹ ਵੀ ਖਿਸਕ ਗਿਆ। ਵੱਡੇ ਜਾਨਵਰ ਡਰ ਕੇ ਭੱਜ ਗਏ।



ਕੀੜੇ ਨੇ ਕਿਹਾ, "ਚਲੋ ਸਾਥੀਓ! ਅਸੀਂ ਉਸ ਟਪ-ਟਪ-ਟਪਕ ਨੂੰ ਲੱਭੀਏ।

ਦੇਖੀਏ ਇਹ ਕੌਣ ਹੈ? ਅਸੀਂ ਸਭ ਇਕੱਠੇ ਹਾਂ ਤਾਂ ਡਰ ਕਾਹਦਾ!"




ਚੂਹਾ ਬੋਲਿਆ, "ਸ਼ਾਬਾਸ਼ ਕੀੜੇ ਬਾਈ!"

ਜੁਗਨੂੰ ਬੋਲਿਆ, "ਮੈਂ ਅੱਗੇ ਰਹਾਂਗਾ।"


ਬਿੱਲੀ ਬੋਲੀ, "ਮੈਂ ਨਾਲ ਹਾਂ।"

ਖ਼ਰਗੋਸ਼ ਨੇ ਕਿਹਾ, "ਮੈਂ ਵੀ ਪਿੱਛੇ ਨਹੀਂ ਰਹਾਂਗਾ।"



ਸਭ ਟਪ-ਟਪ-ਟਪਕ ਨੂੰ ਲੱਭਣ ਚਲੇ ਗਏ।

ਫੇਰ ਸਾਰਿਆਂ ਨੇ ਦੇਖਿਆ, ਮੀਂਹ ਦਾ ਪਾਣੀ ਪੱਤਿਆਂ 'ਤੇ ਟਪਕ ਰਿਹਾ ਸੀ-
ਟਪ-ਟਪ-ਟਪਕ। ਚਾਰੇ ਪਾਸੇ ਇਹੀ ਰੌਲ਼ਾ ਸੀ।





ਕੀੜੇ ਨੇ ਆਕੜ ਕੇ ਕਿਹਾ, "ਦੇਖਿਆ?"

ਸਾਰਿਆਂ ਨੇ ਆਪਣਾ ਸਿਰ ਹਿਲਾਇਆ ਅਤੇ ਹੱਸ ਪਏ।

ਜੰਗਲ਼ ਵਿੱਚ ਮੀਂਹ ਤੋਂ ਬਾਅਦ ਇਹ ਕਿਹੋ ਜਿਹੀ ਅਵਾਜ਼ ਸੀ?
ਟਪ-ਟਪ-ਟਪਕ!!!

***Tap Tap Tapak*** (Punjabi), translated by S. Waqeel, text and illustrations adapted from original story ***Tap Tap Tapak*** (Hindi), written by Amar Goswami, illustrated by Partho Sengupta, published by Pratham Books (© Pratham Books, 2006) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-੮, ਐਸ.ਏ.ਐਸ ਨਗਰ, ਮੁਹਾਲੀ